# ਮਾਨਵਵਾਦ ਤੋਂ ਉੱਤਰ-ਮਾਨਵਵਾਦ ਵੱਲ ਵੱਧਦੇ ਕਦਮ

ਸੁਖਦੀਪ ਕੌਰ

ਖੋਜਾਰਥੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਸਾਰਾਂਸ਼**:- ਆਦਿ-ਮਾਨਵ ਤੋਂ ਉੱਤਰ-ਆਧੁਨਿਕ ਮਾਨਵ ਦਾ ਸਫ਼ਰ ਤੈਅ ਕਰਦੇ ਹੋਏ ਮਨੁੱਖ ਵਿਕਾਸ ਅਤੇ ਬਦਲਾਅ ਦੇ ਅਨੇਕਾਂ ਪੜਾਵਾਂ ਦਾ ਗਵਾਹ ਰਿਹਾ ਹੈ। ਆਪਣੀ ਕੁਸ਼ਲਤਾ ਅਤੇ ਬੁੱਧੀ ਦੇ ਬਲਬੂਤੇ 'ਤੇ ਮਨੁੱਖ ਨੇ ਹਰ ਦੌਰ ਵਿੱਚ ਆਪਣੇ ਆਪ ਨੂੰ ਪਹਿਲਾਂ ਨਾਲੋਂ ਬਿਹਤਰ ਬਣਾਇਆ ਹੈ। ਕੁਝ ਸਦੀਆਂ ਪਹਿਲਾਂ ਤੱਕ ਮਾਨਵ ਹਰ ਹੋਣੀ ਜਾਂ ਘਟਨਾ ਵਾਸਤੇ ਕਿਸੇ ਅਦਿੱਖ ਤਾਕਤ ਨੂੰ ਜ਼ਿੰਮੇਵਾਰ ਸਮਝਦਾ ਸੀ, ਪਰ ਵਿਗਿਆਨਕ ਖੋਜਾਂ ਨੇ ਮਨੁੱਖ ਨੂੰ ਕਿਸੇ ਅਦਿੱਖ ਸ਼ਕਤੀ ਦੇ ਅਧੀਨ ਰਹਿਣ ਦੇ ਇਸ ਡਰ ਤੋਂ ਹਮੇਸ਼ਾ ਲਈ ਮੁਕਤੀ ਦੇ ਦਿੱਤੀ। ਧਰਤੀ ਉੱਤੇ ਹਰ ਚੀਜ਼ ਦੀ ਹੋਂਦ ਪਿੱਛੇ ਲੁਕੇ ਹੋਏ ਆਧਾਰ ਨੂੰ ਵਿਗਿਆਨ ਨੇ ਤਰਕਵਾਦੀ ਢੰਗ ਨਾਲ ਸਿੱਧ ਕੀਤਾ, ਇਸ ਦੇ ਫ਼ਲਸਰੂਪ ਮਾਨਵ ਖੁਦ ਹੀ ਆਪਣੀ ਹੋਂਦ ਦਾ ਸਰਪ੍ਰਸਤ ਬਣ ਗਿਆ। ਇਸ ਸਮੇਂ ਦੌਰਾਨ ਹੀ ਮਾਨਵਵਾਦੀ ਦੌਰ ਦਾ ਉਦੈ ਹੋਇਆ। ਬੀਤੀਆਂ ਸਦੀਆਂ ਦੌਰਾਨ ਵਾਪਰੀਆਂ ਕਈ ਅਹਿਮ ਘਟਨਾਵਾਂ ਦੇ ਬਾਵਜੂਦ ਮਨੁੱਖ ਨੇ ਧਰਤੀ ਉੱਤੇ ਆਪਣੀ ਹੋਂਦ ਅਤੇ ਹਸਤੀ ਨੂੰ ਬਰਕਰਾਰ ਰੱਖਿਆ, ਪਰ ਭਵਿੱਖ ਵਿੱਚ ਮਾਨਵ ਦੇ ਉੱਤਰ ਮਾਨਵਵਾਦ ਵਿਚ ਦਾਖ਼ਲ ਹੋਣ ਦੀ ਅਵਸਥਾ ਮਾਨਵੀ ਹੋਂਦ ਉੱਤੇ ਬਹੁਤ ਵੱਡਾ ਪ੍ਰਸ਼ਨ ਚਿੰਨ ਲਗਾ ਰਹੀ ਹੈ। ਹੱਥਲਾ ਖੋਜ-ਪੱਤਰ ਮਾਨਵਵਾਦ ਤੋਂ ਉੱਤਰ ਮਾਨਵਵਾਦ ਵਿਚ ਤਬਦੀਲ ਹੋਣ ਦੀ ਇਸੇ ਸਥਿਤੀ ਦੇ ਕਾਰਨਾਂ ਨੂੰ ਸਮਝਣ ਦਾ ਇੱਕ ਯਤਨ ਹੈ

**ਕੀਵਰਡ:** ਮਾਨਵਵਾਦ, ਉੱਤਰ-ਮਾਨਵਵਾਦ, ਕੁਦਰਤ, ਯੁੱਧ, ਆਰਟੀਫੀਸ਼ੀਅਲ ਇੰਟੈਲੀਜੈਂਸ

ਹੁਣ ਤੱਕ ਜਿੰਨੇ ਵੀ ਵਾਦ ਸਥਾਪਤ ਹੋਏ ਹਨ ਜਿਵੇਂ ਯਥਾਰਥਵਾਦ, ਆਧੁਨਿਕਤਾਵਾਦ, ਮਾਰਕਸਵਾਦ, ਸੰਰਚਨਾਵਾਦ ਆਦਿ ਜਦੋਂ ਇਹ ਅਗਲੇ ਪੜਾਅ ਵਿੱਚ ਦਾਖ਼ਲ ਹੁੰਦੇ ਹਨ ਜਿਵੇਂ ਉੱਤਰ-ਯਥਾਰਥਵਾਦ, ਉੱਤਰ-ਆਧੁਨਿਕਤਾਵਾਦ, ਉੱਤਰ-ਮਾਰਕਸਵਾਦ, ਉੱਤਰ-ਸੰਰਚਨਾਵਾਦ ਤਾਂ ਇਹ ਸਥਿਤੀ ਸਕਾਰਾਤਮਕ ਵਿਕਾਸ ਨੂੰ ਦਰਸਾਉਂਦੀ ਹੈ। ਪਰ ਮਾਨਵਾਵਾਦ ਤੋਂ ਉੱਤਰ ਮਾਨਵਾਵਾਦ ਵਿੱਚ ਦਾਖ਼ਲ ਹੋਣ ਦੀ ਸਥਿਤੀ ਮਾਨਵਤਾ ਤੋਂ ਪਾਰ ਜਾਣ ਦੀ ਸਥਿਤੀ ਹੋਵੇਗੀ ਜਾਂ ਗਿਆਨ ਤੋਂ ਪਾਰ ਜਾਣ ਦੀ, ਅੱਜ ਇਹ ਵਿਦਵਾਨਾਂ ਅਤੇ ਚਿੰਤਕਾਂ ਦਰਮਿਆਨ ਬਹੁਤ ਵੱਡਾ ਬਹਿਸ ਦਾ ਮੁੱਦਾ ਹੈ। ਮਨੁੱਖ ਨੇ ਆਪਣੇ ਗਿਆਨ ਨਾਲ ਧਰਤੀ ’ਤੇ ਆਪਣਾ ਏਕਾਧਿਕਾਰ ਸਥਾਪਤ ਕੀਤਾ ਪਰ ਇਸ ਤੋਂ ਅੱਗੇ ਵੀ ਕੀ ਮਨੁੱਖ ਦੀ ਸਰਬੋਤਮਤਾ ਸਥਾਪਤ ਰਹੇਗੀ? ਜਾਂ ਉਸ ਨੂੰ ਆਪਣੀ ਹੋਂਦ ਲਈ ਸੰਘਰਸ਼ ਕਰਨਾ ਪਵੇਗਾ। ਇਸ ਸਥਿਤੀ ਦੇ ਪੈਦਾ ਹੋਣ ’ਤੇ ਹੀ ਉੱਤਰ ਮਾਨਵਵਾਦ ਸਹੀ ਮਾਇਨਿਆ ਵਿੱਚ ਅਰਥ ਗ੍ਰਹਿਣ ਕਰ ਲਵੇਗਾ। ਬੇਸ਼ਕ 21ਵੀਂ ਸਦੀ ਦੌਰਾਨ ‘ਆਰਟੀਫੀਸ਼ੀਅਲ ਇੰਟੈਲੀਜੈਂਸ’ ਕਾਰਨ ਉੱਤਰ ਮਾਨਵਵਾਦ ਦੀ ਆਹਟ ਸਪਸ਼ਟ ਸੁਣੀ ਜਾ ਸਕਦੀ ਹੈ, ਪਰ ਇਹ ਸਿਰਫ਼ ਹਾਲੇ ਸ਼ੁਰੂਆਤ ਹੈ। ਮਨੁੱਖ ਬਹੁਤ ਬੇਸਬਰ ਹੋ ਰਿਹਾ ਹੈ ਇਸ ਸਾਧਾਰਨ ਸਮਝੀ ਜਾਣ ਵਾਲੀ ‘ਆਰਟੀਫ਼ੀਸ਼ੀਅਲ ਇੰਟੈਲੀਜੈਂਨਸ’ ਦੀ ਤਕਨੀਕ ਨੂੰ ਹੋਰ ਵਿਕਸਤ ਅਤੇ ਬੇਹਤਰ ਕਰਨ ਲਈ, ਜਿਹੜੀ ਕਿ ਸਾਡੇ ਦੁਆਰਾ ਰੋਜ਼ਮਰਾ ਦੇ ਕੰਮਕਾਜਾਂ ਲਈ ਵਰਤੀ ਜਾਂਦੀ ਹੈ। ਪੈਸੇ ਦਾ ਡਿਜ਼ੀਟਲ ਲੈਣ-ਦੇਣ, ਉਦਯੋਗਾਂ, ਸਿਖਿਆ, ਮੈਡੀਕਲ ਆਦਿ ਵਿੱਚ ‘ਆਰਟੀਫੀਸ਼ੀਅਲ ਇੰਟੈਲੀਜੈਂਸ’ ਦੀਆਂ ਉਦਾਹਰਣਾਂ ਦੇਖੀਆਂ ਜਾ ਸਕਦੀਆਂ ਹਨ। ਤਕਨੀਕ ਦੀ ਬਹੁਤਾਤ, ਇੰਟਰਨੈੱਟ ਅਤੇ ‘ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖ ਨੂੰ ਉੱਤਰ-ਮਾਨਵਵਾਦ ਦੀ ਦਹਿਲੀਜ਼ ਤੱਕ ਲੈ ਆਏ ਹਨ। ‘ਆਰਟੀਫੀਸ਼ੀਅਲ ਇੰਟੈਲੀਜੈਂਸ’ ਕਿਉਂਕਿ ਮਨੁੱਖ ਦੁਆਰਾ ਸਿਰਜੀ ਹੋਈ ਹੈ ਇਸ ਲਈ ਉਹ ਇਸ ਦੇ ਪ੍ਰਭਾਵ ਤੋਂ ਤਾਂ ਮੁਕਤ ਨਹੀਂ ਹੋ ਸਕਦੀ ਪਰ ਇਹ ਮੋੜਵੇਂ ਰੂਪ ਵਿੱਚ ਮਨੁੱਖ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ ਜੋ ਕਿ ਦੋਹਾਂ ਵਿਚਲੇ ਅੰਤਰ-ਸਬੰਧ ਨੂੰ ਵੀ ਦਰਸਾਉਂਦਾ ਹੈ।

ਮਾਨਵਵਾਦ ਦਾ ਆਧਾਰ ਸਿਰਫ਼ ਮਨੁੱਖ ਦੀ ਹੋਂਦ ਹੈ। ਆਪਣੇ ਮੁੱਢ ਤੋਂ ਹੀ ਸਮਾਜ ਬਦਲਾਵਾਂ ਦੇ ਵੱਖ-ਵੱਖ ਪੜਾਵਾਂ ਅਤੇ ਦੌਰਾਂ ਵਿੱਚੋਂ ਗੁਜ਼ਰਿਆ ਹੈ। ਹਰ ਦੌਰ ਦੇ ਉੱਘੇ ਚਿੰਤਕ, ਦਾਰਸ਼ਨਿਕ ਅਤੇ ਸਮਾਜ-ਸ਼ਾਸਤਰੀ ਸਮਾਜ ਵਿੱਚ ਮਨੁੱਖ ਦੀ ਹੋਂਦ ਬਚਾਉਣ ਲਈ ਯਤਨਸ਼ੀਲ ਵੀ ਰਹੇ ਹਨ ਅਤੇ ਚਿੰਤਤ ਵੀ। ਮਾਨਵਵਾਦ ਇੱਕ ਅਜਿਹਾ ਸਿਧਾਂਤ ਹੈ ਜਿਸ ਦਾ ਧੁਰਾ ਮਨੁੱਖ ਹੈ ਅਤੇ ਇਹ ਸਿਧਾਂਤ ਪੂਰੀ ਤਰ੍ਹਾਂ ਮਾਨਵੀ ਹੋਂਦ ਅਤੇ ਹਸਤੀ ਨੂੰ ਸਮਰਪਿਤ ਰਿਹਾ ਹੈ। ਮਾਨਵਵਾਦ ਇਕ ਅਜਿਹਾ ਤਰਕ ਵਿਗਿਆਨਕ ਢੰਗ ਹੈ ਜਿਹੜਾ ਮਾੜੀ ਸਥਿਤੀ ਨੂੰ ਸੁਧਾਰਨ ਲਈ ਮਾਨਵੀ ਮੁੱਲਾਂ ਵਿੱਚ ਤਬਦੀਲੀ ਦੀ ਮੰਗ ਕਰਦਾ ਹੈ। ਮਾਨਵਵਾਦੀ ਚਿੰਤਨ ਦੀ ਸ਼ੁਰੂਆਤ ਕਈ ਸਦੀਆਂ ਪਹਿਲਾਂ ਹੀ ਹੋ ਚੁੱਕੀ ਸੀ। ਸੁਕਰਾਤ, ਅਰਸਤੂ ਵਰਗੇ ਚਿੰਤਕਾਂ ਨੇ ਮਾਨਵੀ ਹੋਂਦ ਨੂੰ ਸਭ ਤੋਂ ਸ੍ਰੇਸ਼ਟ ਸਵਿਕਾਰ ਕੀਤਾ। ਮਾਨਵਵਾਦੀ ਚਿੰਤਨ ਲਗਾਤਾਰ ਬਦਲਣ ਵਾਲੀ ਪ੍ਰਕਿਰਿਆ ਹੈ ਕਿਉਂਕਿ ਵਿਗਿਆਨਕ ਖੋਜਾਂ

ਅਤੇ ਕਾਢਾਂ ਨਾਲ ਸਮੁੱਚੇ ਸੰਸਾਰ ਦੀ ਸਮਾਜਕ ਬਣਤਰ ਵਿਚ ਭਾਰੀ ਤਬਦੀਲੀ ਆਈ ਹੈ, ਜਿਹੜੀ ਇਤਿਹਾਸ ਦੇ ਵਰਕਿਆਂ 'ਤੇ ਸਪੱਸ਼ਟ ਦੇਖੀ ਜਾ ਸਕਦੀ ਹੈ। "ਮਾਨਵਵਾਦੀ-ਚਿੰਤਨ ਨੇ ਪਹਿਲੀ ਵਾਰ ਮਨੁੱਖ ਨੂੰ ਇਹ ਅਹਿਸਾਸ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਇਸ ਭੌਤਿਕ-ਸੰਸਾਰ ਦਾ ਨਿਰਮਾਤਾ ਰੱਬ/ਦੇਵੀ ਸ਼ਕਤੀ ਨਹੀਂ ਬਲਕਿ ਮਨੁੱਖ ਖੁਦ ਹੈ। ਰੱਬ ਦਾ ਨਾਂ ਲੈ ਕੇ ਤਾਂ ਸਿਰਫ਼, ਮਨੁੱਖ ਨੂੰ ਜੋ ਮਿਲਿਆ ਹੈ, ਉਸੇ ਨਾਲ ਸੰਤੁਸ਼ਟ ਰਹਿਣ ਲਈ ਪ੍ਰੇਰਿਆ ਜਾਂਦਾ ਹੈ। ਮਨੁੱਖ ਨੂੰ ਇਕ ਭਰਮ-ਚੇਤਨਾ ਵਿੱਚ ਪਾਇਆ ਜਾਂਦਾ ਹੈ ਕਿ ਕੋਈ ਉਸਦੀ ਸਥਿਤੀ ਸੁਧਾਰਨ ਵਾਲਾ 'ਉੱਪਰ' ਬੈਠਾ ਹੈ, ਜਿਸਦੇ ਅੱਗੇ ਉਸਨੂੰ ਹੱਥ ਜੋੜ ਕੇ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ। ਮਨੁੱਖ ਨੂੰ ਸਿਰਫ਼ ਆਤਮਕ-ਭਵਿੱਖ ਵੱਲ ਸੇਧ ਦਿੱਤੀ ਜਾਂਦੀ ਹੈ, ਇਕ ਹਨ੍ਹੇਰੇ-ਭਵਿੱਖ (ਸਵਰਗ, ਨਰਕ) ਵੱਲ ਤੋਰਿਆ ਜਾਂਦਾ ਹੈ, ਜਿਹੜਾ ਕਿ ਇਕ ਛਲਾਵਾ ਹੈ। ਇਸ ਚਿੰਤਨ ਨੇ ਪਹਿਲੀ ਵਾਰ ਦੱਸਿਆ ਕਿ ਆਪਣੀ ਭੌਤਿਕ-ਹੋਂਦ ਲਈ ਉਹ ਖੁਦ ਜ਼ਿੰਮੇਵਾਰ ਹੈ। ਆਪਣੀ ਭੌਤਿਕ/ਮਾਨਸਿਕ ਹੋਂਦ ਨੂੰ ਨਿਘਾਰ ਦੀ ਸਥਿਤੀ ਵਿੱਚੋਂ ਕੱਢਣ ਲਈ, ਉਸ ਨੂੰ ਖੁਦ ਕੋਸ਼ਿਸ਼ ਕਰਨੀ ਪਵੇਗੀ ਨਾ ਕੋਈ ਉਪਰੋਂ ਸ਼ਕਤੀ ਨੇ ਉੱਤਰ ਕੇ ਉਸਦੀ ਸਹਾਇਤਾ ਕਰਨੀ ਹੈ। ਇਸ ਲਈ ਇਸ ਧਰਤੀ 'ਤੇ ਮਨੁੱਖ ਦੀ ਸਰਵ-ਸ਼ਕਤੀਮਾਨਤਾ ਹੀ ਸਰਵ-ਉੱਤਮ ਹੈ।"[1]

ਮਾਨਵਵਾਦ ਤੋਂ ਉੱਤਰ-ਮਾਨਵਵਾਦ ਦੀ ਸਥਿਤੀ ਨੂੰ ਮੁੱਖ ਤੌਰ 'ਤੇ ਤਿੰਨ ਪੱਖਾਂ ਤੋਂ ਸਮਝਿਆ ਜਾ ਸਕਦਾ ਹੈ ਜਿਵੇਂ ਕਿ ਮਾਨਵਵਾਦ ਦੇ ਨਾਮ ਤੋਂ ਸਪੱਸ਼ਟ ਹੈ, ਇਹ ਇੱਕ ਅਜਿਹਾ ਫ਼ਲਸਫ਼ਾ ਹੈ, ਜਿਸ ਵਿੱਚ ਮਨੁੱਖ ਅਤੇ ਉਸ ਦੀਆਂ ਸਮੱਸਿਆਵਾਂ ਦੀ ਚਰਚਾ ਨੂੰ ਕੇਂਦਰ ਵਿੱਚ ਰੱਖਿਆ ਗਿਆ ਹੈ। ਮਾਨਵਵਾਦ ਵਿੱਚ ਮਨੁੱਖੀ ਜੀਵਨ, ਮਾਨਵੀ ਸਨਮਾਨ ਅਤੇ ਮਨੁੱਖੀ ਹਿੱਤਾਂ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਇਸ ਤਰ੍ਹਾਂ, ਕਿਸੇ ਵੀ ਵਿਧੀ, ਪ੍ਰਣਾਲੀ ਜਾਂ ਸੋਚ ਦੀ ਕਿਰਿਆ ਜੋ ਮਨੁੱਖੀ ਹਿੱਤਾਂ ਨਾਲ ਸਬੰਧਤ ਹੈ, ਨੂੰ ਮਾਨਵਵਾਦ ਕਿਹਾ ਜਾਂਦਾ ਹੈ। ਹਰ ਯੁੱਗ ਦੇ ਚਿੰਤਕਾਂ ਨੇ ਮਾਨਵਤਾ ਦੀ ਭਲਾਈ ਅਤੇ ਬਿਹਤਰੀ ਦੇ ਸੰਕਲਪ ਉੱਤੇ ਨਿੱਠ ਕੇ ਕੰਮ ਕੀਤਾ ਹੈ। ਵੱਖ-ਵੱਖ ਸਮਿਆਂ ਦੌਰਾਨ ਪੈਦਾ ਹੋਏ ਵੱਖ-ਵੱਖ ਹਾਲਾਤਾਂ ਵਿਚੋਂ ਪੈਦਾ ਹੋਈਆਂ ਮੁਸ਼ਕਿਲਾਂ, ਚਿੰਤਾਵਾਂ ਮੁਸੀਬਤਾਂ ਵਿਚੋਂ ਮਨੁੱਖੀ ਹੋਂਦ ਦੀ ਰਖਵਾਲੀ ਕਰਨਾ ਹੀ ਮਾਨਵਵਾਦ ਹੈ। ਅੱਜ ਦੇ ਦੌਰ ਅੰਦਰ ਮਾਨਵ ਹੋਂਦ ਲਈ ਸਭ ਤੋਂ ਵੱਡਾ ਖ਼ਤਰਾ ਵਾਤਾਵਰਨ ਨੂੰ ਲੈ ਕੇ ਹੈ। ਇਸ ਲਈ ਜ਼ਰੂਰੀ ਹੈ ਕਿ ਅੱਜ ਦੇ ਦੌਰ ਦੇ ਚਿੰਤਕਾਂ ਅਤੇ ਵਿਦਵਾਨਾਂ ਦੁਆਰਾ ਵੱਡੀ ਪੱਧਰ 'ਤੇ ਵਾਤਾਵਰਣ ਦੀ ਇਸ ਸਮੱਸਿਆ ਨੂੰ ਅਗਰਭੂਮ ਤੇ ਰੱਖਿਆ ਜਾਵੇ। ਅਸਲ ਵਿੱਚ ਮਾਨਵਵਾਦ ਮਾਨਵੀ ਹੋਂਦ ਨਾਲ ਅਤੇ ਮਾਨਵ ਉਸਾਰੂ ਵਾਤਾਵਰਣ ਦੀ ਹੋਂਦ ਨਾਲ ਜੁੜਿਆ ਹੋਇਆ ਹੈ।

ਪਿਛਲੀਆਂ ਕਈ ਸਦੀਆਂ ਤੋਂ ਮਨੁੱਖ ਵਿਗਿਆਨਕ ਖੋਜਾਂ ਦੀ ਮਦਦ ਨਾਲ ਕੁਦਰਤ 'ਤੇ ਕਾਬਜ਼ ਹੋਣ ਅਤੇ ਉਸ ਨੂੰ ਆਪਣੇ ਅਨੁਸਾਰ ਢਾਲਣ ਦੀ ਪੁਰਜ਼ੋਰ ਕੋਸ਼ਿਸ਼ ਵਿੱਚ ਲੱਗਾ ਹੋਇਆ ਹੈ। ਕਿਸੇ ਹੱਦ ਤੱਕ ਮਾਨਵ ਆਪਣੇ ਇਹਨਾਂ ਯਤਨਾਂ ਵਿੱਚ ਕਾਮਯਾਬ ਵੀ ਰਿਹਾ ਹੈ, ਪਰ ਕੁਦਰਤ ਤੋਂ ਪਾਰ ਜਾਣ ਦੀ ਇਸ ਕੋਸ਼ਿਸ਼ ਵਿੱਚ ਮਨੁੱਖ ਆਪਣੀ ਹੀ ਹੋਂਦ ਲਈ ਖ਼ਤਰਾ ਪੈਦਾ ਕਰ ਰਿਹਾ ਹੈ। ਮਨੁੱਖ ਦੂਜੇ ਪ੍ਰਾਣੀਆਂ ਦੇ ਮੁਕਾਬਲੇ ਖੁਦ ਦੇ ਉੱਚਾ ਹੋਣ ਦਾ ਦਾਅਵਾ ਕਰਦਾ ਹੈ, ਇਸ ਤਰ੍ਹਾਂ ਧਰਤੀ ਅਤੇ ਕੁਦਰਤ 'ਤੇ ਏਕਾਧਿਕਾਰ ਸਥਾਪਤ ਕਰਨ ਦੀ ਇਹ ਪ੍ਰਵਿਰਤੀ ਹੀ ਮਾਨਵਵਾਦ ਦਾ ਅਧਾਰ ਬਣੀ। ਆਪਣੀ ਵਿਲੱਖਣਤਾ ਅਤੇ ਨਿਵੇਕਲੇਪਣ ਦੀ ਇਸ ਭਾਵਨਾ ਨਾਲ ਹੀ ਮਾਨਵ ਪਿਛਲੀਆਂ ਕੁਝ ਸਦੀਆਂ ਤੋਂ ਲਗਾਤਾਰ ਅੱਗੇ ਵੱਧ ਰਿਹਾ ਹੈ, ਅਜਿਹੇ ਵਿੱਚ ਉਹ ਧਰਤੀ ਅਤੇ ਕੁਦਰਤ ਨਾਲ ਤਾਂ ਖਿਲਵਾੜ ਕਰ ਹੀ ਰਿਹਾ ਹੈ, ਪਰ ਨਾਲ ਹੀ ਇਸ ਗ੍ਰਹਿ ਤੋਂ ਆਪਣਾ ਵਿਨਾਸ਼ ਵੀ ਨਿਸ਼ਚਿਤ ਕਰ ਰਿਹਾ ਹੈ। ਆਪਣੇ ਮਿੱਥੇ ਟੀਚਿਆਂ ਦੀ ਪ੍ਰਾਪਤੀ ਲਈ ਅਤੇ ਆਪਣੀ ਸਰਵ-ਸ੍ਰੇਸ਼ਠਤਾ ਸਿੱਧ ਕਰਨ ਲਈ ਮਨੁੱਖ ਨੇ ਬੜੀ ਤੇਜ਼ੀ ਨਾਲ ਮੁਹਿੰਮ ਚਲਾਈ ਅਤੇ 21ਵੀਂ ਸਦੀ ਦੋਰਾਨ ਉਸ ਨੇ ਪੂਰੀ ਦੁਨੀਆ ਨੂੰ ਇੱਕ ਪਿੰਡ (ਗਲੋਬਲ ਵਿਲੇਜ) ਵਿੱਚ ਤਬਦੀਲ ਕਰ ਦਿੱਤਾ ਹੈ। ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਮਨੁੱਖ ਦੀਆਂ ਕਰਨੀਆਂ ਦਾ ਭੁਗਤਾਨ ਧਰਤੀ ਦਾ ਵਾਤਾਵਰਣ ਅਤੇ ਸਭ ਤੋਂ ਵੱਧ ਗੈਰ-ਮਨੁੱਖੀ ਪ੍ਰਜਾਤੀਆਂ ਅਦਾ ਕਰ ਰਹੀਆਂ ਹਨ। ਧਰਤੀ 'ਤੇ ਜੀਵ-ਵਿਭੰਨਤਾ ਅਤੇ ਕੁਦਰਤੀ ਸਰਮਾਇਆ ਹੀ ਧਰਤੀ ਉੱਤੇ ਮਨੁੱਖੀ ਹੋਂਦ ਲਈ ਜੀਵਨ ਰੱਖਿਅਕ ਅਤੇ ਜੀਵਨ ਸਹਾਇਕ ਹਨ, ਜੋ ਕਿ ਸਮੁੱਚੀ ਕਾਇਨਾਤ ਦੀ ਸਰਬ-ਸਾਂਝੀ ਵਿਰਾਸਤ ਦੇ ਪ੍ਰਤੀਕ ਹਨ। ਪਰ ਪਿਛਲੇ ਕੁਝ ਦਹਾਕਿਆਂ ਤੋਂ ਮਨੁੱਖ ਜਿਸ ਤਰ੍ਹਾਂ ਕੁਦਰਤੀ ਸਰਮਾਏ ਅਤੇ ਸਾਧਨਾਂ ਨਾਲ ਖਿਲਵਾੜ ਕਰ ਰਿਹਾ ਹੈ, ਇਸ ਕਾਰਨ ਜੀਵ-ਜੰਤੂਆਂ ਦੀਆਂ ਕਿੰਨੀਆਂ ਪ੍ਰਜਾਤੀਆਂ ਧਰਤੀ ਤੋਂ ਅਲੋਪ ਹੋ ਚੁੱਕੀਆਂ ਹਨ ਤੇ ਹੋ ਰਹੀਆਂ ਹਨ। ਯੂ.ਐਨ.ਓ. ਦੀ ਇੱਕ ਰਿਪੋਰਟ[2] ਅਨੁਸਾਰ ਸੰਸਾਰ ਦੀਆਂ ਪੌਦਿਆਂ ਅਤੇ ਜਾਨਵਰਾਂ ਦੀਆਂ ਅੰਦਾਜ਼ਨ 8 ਮਿਲੀਅਨ ਕਿਸਮਾਂ ਵਿੱਚੋਂ ਇੱਕ ਮਿਲੀਅਨ ਦੇ ਵਿਨਾਸ਼ ਦਾ ਖ਼ਤਰਾ ਹੈ। ਮਨੁੱਖੀ ਸਮਾਜ ਧਰਤੀ ਦੇ ਕੁਦਰਤੀ ਜੀਵਨ-ਸਹਾਇਤਾ ਪ੍ਰਣਾਲੀਆਂ ਦੇ ਤੇਜ਼ੀ ਨਾਲ ਘਟਣ ਕਾਰਨ ਖ਼ਤਰੇ ਵਿੱਚ ਹੈ, ਇਹ ਸਭ ਮੁੱਖ ਤੌਰ 'ਤੇ ਮਨੁੱਖੀ ਕਾਰਵਾਈਆਂ ਦੇ ਨਤੀਜੇ ਵਜੋਂ ਹੋ ਰਿਹਾ ਹੈ।

ਇਸ ਦਾ ਦੂਸਰਾ ਪੱਖ ਹੈ ਵਿਨਾਸ਼ਕਾਰੀ ਹਥਿਆਰ ਅਤੇ ਸੰਸਾਰ ਦੇ ਵੱਖ-ਵੱਖ ਮੁਲਕਾਂ ਦਰਮਿਆਨ ਵੱਧਦਾ ਤਨਾਉ। ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਵੱਖਵਾਦੀ ਮਤਭੇਦ ਹਮੇਸ਼ਾ ਤੋਂ ਰਹੇ ਹਨ ਅਤੇ ਅੱਜ ਦੀ ਤਾਰੀਖ਼ ਵਿੱਚ ਜੋ ਹਾਲਾਤ ਬਣੇ ਹੋਏ ਹਨ, ਉਸ ਕਾਰਣ ਤੀਸਰੇ ਵਿਸ਼ਵ ਯੁੱਧ ਦਾ ਖ਼ਤਰਾ ਮੰਡਰਾ ਰਿਹਾ ਹੈ। ਕਈ ਗੁਆਂਢੀ ਮੁਲਕਾਂ ਦਰਮਿਆਨ ਕੁਝ ਖੇਤਰਾਂ ਦੇ ਕਬਜ਼ੇ ਨੂੰ ਲੈ ਕੇ ਵਿਵਾਦ ਹਨ ਜੋ ਥੋੜੇ-ਥੋੜੇ ਸਮੇਂ ਬਾਅਦ ਦੋਹਾਂ ਦੇਸ਼ਾਂ ਵਿਚਕਾਰ ਟਕਰਾਅ ਦਾ ਕਾਰਨ ਬਣਦੇ ਰਹਿੰਦੇ ਹਨ ਜਿਵੇਂ ਯੂਕਰੇਨ ਨਾਲ ਰੂਸ ਦਾ ਟਕਰਾਅ, ਕ੍ਰੀਮੀਆ 'ਤੇ ਕਬਜ਼ੇ ਨੂੰ ਲੈ ਕੇ ਯੂਰਪ ਅਤੇ ਅਮਰੀਕਾ ਦਾ ਰੂਸ ਨਾਲ ਟਕਰਾਅ, ਅਰਬ ਦੇਸ਼ਾਂ ਅਤੇ ਪੱਛਮੀ ਮੁਲਕਾਂ ਵਚਾਲੇ ਵੱਧਦੀ ਬੇਭਰੋਸਗੀ, ਕਸ਼ਮੀਰ ਖੇਤਰ ਨੂੰ ਲੈ ਕੇ ਪਾਕਿਸਤਾਨ ਨਾਲ ਭਾਰਤ ਦਾ

ਟਕਰਾਅ, ਫ਼ਲਸਤੀਨ ਅਤੇ ਇਜ਼ਰਾਈਲ ਦਾ ਤਨਾਅ। ਇਸ ਤੋਂ ਬਿਨਾ ਸਮੁੱਚੇ ਵਿਸ਼ਵ ਅੰਦਰ ਅਜਿਹੇ ਕਿੰਨੇ ਹੀ ਮੁਲਕ ਹਨ, ਖ਼ਾਸ ਕਰਕੇ ਤੀਜੀ ਦੁਨੀਆਂ ਦੇ ਦੇਸ਼ ਜਿਨ੍ਹਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਸਿੱਧੀ ਦਖ਼ਲ-ਅੰਦਾਜ਼ੀ ਰਾਂਹੀ ਤਾਕਤਵਰ ਧਿਰਾਂ ਖੁਦ ਲਈ ਸਾਜ਼ਗਾਰ ਹਾਲਾਤ ਬਣਾਉਣ ਵਿੱਚ ਲੱਗੀਆਂ ਰਹਿੰਦੀਆਂ ਹਨ, ਤਾਂ ਜੋ ਛੋਟੇ ਦੇਸ਼ ਵੱਡੇ ਮੁਲਕਾਂ ਦੀ ਦਾਦਾਗਿਰੀ ਅੱਗੇ ਹਮੇਸ਼ਾ ਸਿਰ ਝੁਕਾ ਕੇ ਰਹਿਣ ਅਤੇ ਅਜਿਹਾ ਨਾ ਕਰਨ ਦੀ ਹਾਲਤ ਵਿੱਚ ਉਨ੍ਹਾਂ ਮੁਲਕਾਂ ਨੂੰ ਗ੍ਰਹਿ-ਯੁੱਧ ਦੀ ਸਥਿਤੀ ਵੱਲ ਧੱਕ ਦਿੱਤਾ ਜਾਂਦਾ ਹੈ ਵੀਅਤਨਾਮ, ਅਫ਼ਗਾਨਿਸਤਾਨ, ਇਰਾਕ, ਸੀਰੀਆ ਵਰਗੇ ਮੁਲਕ ਇਸ ਦੀਆਂ ਮਿਸਾਲਾਂ ਹਨ।

ਇਸ ਦਾ ਅਗਲਾ ਪੱਖ ਹੈ 'ਆਰਟੀਫੀਸ਼ੀਅਲ ਇੰਟੈਲੀਜੈਂਸ' ਜਿਸ ਕਾਰਨ ਮਾਨਵਵਾਦ ਉੱਤਰ-ਮਾਨਵਵਾਦ ਦੀ ਸਥਿਤੀ ਵਿੱਚ ਦਾਖ਼ਲ ਹੋ ਰਿਹਾ ਹੈ। ਜਿੱਥੇ ਮਾਨਵਵਾਦ ਮਾਨਵ ਦੀ ਪ੍ਰਭੂਸੱਤਾ ਦਾ ਦੌਰ ਰਿਹਾ ਉੱਥੇ ਉੱਤਰ-ਮਾਨਵਵਾਦ ਦੇ ਦੌਰ ਵਿੱਚ ਪ੍ਰਭੂਸੱਤਾ ਮਾਨਵ ਹੱਥੋਂ ਖੁੱਸ ਜਾਣ ਦੀਆਂ ਸੰਭਾਵਨਾਵਾਂ ਜਤਾਈਆਂ ਜਾ ਰਹੀਆਂ ਹਨ, ਇਸ ਸਥਿਤੀ ਲਈ ਜ਼ਿੰਮੇਵਾਰ ਵੀ ਮਨੁੱਖ ਖੁਦ ਹੀ ਹੋਵੇਗਾ। ਇੱਕ ਪਾਸੇ ਕੁਦਰਤ ਨਾਲ ਖਿਲਵਾੜ ਕਾਰਨ ਵਾਤਾਵਰਣ ਵਿੱਚ ਵਿਗਾੜ ਪੈਦਾ ਹੋ ਰਹੇ ਹਨ ਅਤੇ ਦੂਜੇ ਪਾਸੇ ਕਈ ਦੇਸ਼ਾਂ ਦਰਮਿਆਨ ਯੁੱਧਾਂ ਤੇ ਝਗੜਿਆਂ ਦੀ ਸਥਿਤੀ ਮਾਨਵੀ ਹੋਂਦ ਲਈ ਵਿਨਾਸ਼ਕਾਰੀ ਸਾਬਿਤ ਹੋ ਰਹੀ ਹੈ। ਪਰ ਸਭ ਤੋਂ ਵੱਡਾ ਖ਼ਤਰਾ ਜਿਸ ਦੀ ਭਵਿੱਖ ਵਿੱਚ ਸੰਭਾਵਨਾ ਜਤਾਈ ਜਾ ਰਹੀ ਹੈ ਉਹ ਹੈ ਤਕਨੀਕ 'ਤੇ ਵੱਧਦੀ ਨਿਰਭਰਤਾ।

ਅੱਜ ਦਾ ਮਨੁੱਖ ਡਿਜ਼ੀਟਲ ਯੁੱਗ ਵਿੱਚ ਪ੍ਰਵੇਸ਼ ਕਰ ਚੁੱਕਾ ਹੈ। ਖ਼ਾਸ ਕਰਕੇ ਕੋਵਿਡ ਦੀ ਮਹਾਂਮਾਰੀ ਤੋਂ ਬਾਅਦ, ਸਮੁੱਚੇ ਵਿਸ਼ਵ ਦੇ ਵਰਤਾਰਿਆਂ ਅਤੇ ਕੰਮ ਕਰਨ ਦੇ ਢੰਗ-ਤਰੀਕਿਆਂ ਵਿੱਚ ਬਹੁਤ ਵੱਡੀ ਤਬਦੀਲੀ ਵਾਪਰੀ ਹੈ। ਅਸੀਂ ਇਹਨਾਂ ਤਬਦੀਲੀਆਂ ਨੂੰ ਸਿਰਫ਼ ਆਨਲਾਈਨ ਸੇਵਾਵਾਂ ਜਾਂ ਡਿਜ਼ੀਟਲੀਕਰਨ ਦੇ ਕੁਝ ਹੋਰ ਵਰਤਾਰਿਆਂ ਤੱਕ ਹੀ ਸੀਮਤ ਨਹੀਂ ਰੱਖ ਸਕਦੇ। ਬਲਕਿ ਇਸ ਵਰਤਾਰੇ ਦਾ ਪ੍ਰਭਾਵ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ। ਪਰਿਵਾਰ ਤੋਂ ਲੈ ਕੇ ਸੰਸਾਰ ਪੱਧਰ ਤੱਕ ਮਨੁੱਖ ਅਤੇ ਮਨੁੱਖੀ ਰਿਸ਼ਤਿਆਂ ਵਿੱਚ ਤਾਂ ਬਦਲਾਅ ਹੋ ਰਹੇ ਹਨ, ਇਸ ਦੇ ਨਾਲ ਹੀ ਇਸ ਵਰਤਾਰੇ ਦਾ ਪ੍ਰਭਾਵ ਮਨੁੱਖ ਦੇ ਕੁਦਰਤ ਤੇ ਕੁਦਰਤ ਦੇ ਹੋਰ ਪ੍ਰਾਣੀਆਂ ਨਾਲ ਸੰਬੰਧਾਂ ਵਿਚਕਾਰ ਸਪਸ਼ਟ ਦੇਖਿਆ ਜਾ ਸਕਦਾ ਹੈ।

ਇਹਨਾਂ ਬਦਲਾਵਾਂ ਦੇ ਵਾਪਰਨ ਦਾ ਸਿਲਸਿਲਾ ਕੁਝ ਸਾਲ ਨਹੀਂ ਬਲਕਿ ਕੁਝ ਸਦੀਆਂ ਪੁਰਾਨਾ ਹੈ। ਅੱਜ ਅਸੀਂ ਜਿਸ ਮਸ਼ੀਨੀ ਯੁੱਗ ਵਿੱਚ ਵਿਚਰ ਰਹੇ ਹਾਂ, ਇਸ ਦੀ ਸ਼ੁਰੂਆਤ 18ਵੀਂ ਸਦੀ ਵਿੱਚ ਉਦਯੋਗਿਕ ਕ੍ਰਾਂਤੀ ਕਾਰਨ ਹੋਈ। ਉਦਯੋਗੀਕਰਨ ਨੇ ਮਨੁੱਖ ਦੁਆਲੇ ਮਸ਼ੀਨਾਂ ਦਾ ਐਸਾ ਤਲਿਸਮ ਸਿਰਜ ਦਿੱਤਾ ਹੈ ਕਿ ਅੱਜ ਦਾ ਮਨੁੱਖ ਚਾਹ ਕੇ ਵੀ ਇਸ ਮਸ਼ੀਨੀ-ਤੰਤਰ ਵਿੱਚੋਂ ਬਾਹਰ ਨਹੀਂ ਆ ਸਕਦਾ। ਉਹ ਆਪਣੀ ਖੁਦ ਦੀ ਸਿਰਜੀ ਇਸ ਮਸ਼ੀਨੀ ਦੁਨੀਆਂ ਦਾ ਗ਼ੁਲਾਮ ਹੁੰਦਾ ਜਾ ਰਿਹਾ ਹੈ। ਮਨੁੱਖ ਪੜਾਅ-ਦਰ-ਪੜਾਅ ਵਿਕਾਸ ਅਤੇ ਪ੍ਰਗਤੀ ਦੇ ਨਾਮ ਤੇ ਮਾਨਵੀ ਹੋਂਦ ਨੂੰ ਹੀ ਖ਼ਤਰੇ ਵਿੱਚ ਪਾ ਕੇ ਖੁਦ ਦੁਆਰਾ ਅਤੇ ਖੁਦ ਲਈ ਸਥਾਪਤ ਕੀਤੇ ਮਾਨਵਵਾਦੀ ਸਿਧਾਂਤ ਉੱਤੇ ਪ੍ਰਸ਼ਨ ਚਿੰਨ੍ਹ ਲਾ ਰਿਹਾ ਹੈ। ਮਾਨਵੀ ਬੁੱਧੀ (Human Intelligence) ਅਤੇ ਮਾਨਵੀ ਹੁਨਰ ਦੀ ਵਰਤੋਂ ਕਰਕੇ ਮਸ਼ੀਨਾਂ ਅਤੇ ਸੂਚਨਾ ਤਕਨਾਲੋਜੀ ਦੇ ਆਧਾਰ 'ਤੇ ਬਣਾਏ ਇਸ ਗਲੋਬਲ ਪਿੰਡ ਦੀ ਬਣਤਰ ਵਿਚ ਮਨੁੱਖੀ ਦਿਮਾਗ ਦੀ ਨਕਲ ਕਰਨ ਦੀ ਸਮਰੱਥਾ ਵਾਲੇ ਡਿਜ਼ੀਟਲ ਉਪਕਰਨਾਂ ਨੇ ਮੁੱਖ ਭੂਮਿਕਾ ਨਿਭਾਈ ਹੈ, ਇਸ ਲਈ ਹੀ ਅੱਜ ਦੁਨੀਆਂ ਦੇ ਬਹੁਤੇ ਹਿੱਸੇ ਭੰਗੋਲਕ ਵਿੱਥ ਹੋਣ ਦੇ ਬਾਵਜੂਦ ਇੱਕ ਦੂਜੇ ਦੇ ਸੰਪਰਕ ਵਿੱਚ ਹਨ ਅਤੇ ਇੱਕ ਦੂਜੇ ਨੂੰ ਪ੍ਰਭਾਵਿਤ ਵੀ ਕਰ ਕਹੇ ਹਨ। ਇਸ ਸਥਿਤੀ ਦੇ ਕਾਰਨ ਮਾਨਵੀ ਸਮਾਜ ਲਈ ਪ੍ਰਗਤੀ ਅਤੇ ਵਿਕਾਸ ਦੇ ਕਈ ਰਾਹ ਖੁੱਲ੍ਹ ਗਏ ਹਨ। ਸੰਭਾਵਨਾਵਾਂ ਜਤਾਈਆਂ ਜਾ ਰਹੀਆ ਹਨ ਕਿ ਕੁਦਰਤ ਨੂੰ ਜਿੱਤਣ ਤੋਂ ਬਾਅਦ ਮਨੁੱਖ ਤਕਨਾਲੋਜੀ ਨੂੰ ਪੂਰੀ ਤਰਾਂ ਖੁਦ 'ਤੇ ਹਾਵੀ ਕਰ ਲਵੇਗਾ ਤੇ ਇੱਕ ਅਜਿਹਾ ਸਮਾਜ ਹੋਂਦ ਵਿੱਚ ਆਵੇਗਾ ਜਿਸ ਅੰਦਰ ਮਾਨਵੀ ਹੋਂਦ ਦੀ ਨਹੀਂ ਮਸ਼ੀਨਾਂ ਦੀ ਪ੍ਰਧਾਨਤਾ ਹੋਵੇਗੀ। ਇਸ ਤਕਨੀਕ ਨੂੰ ਮਨੁੱਖ ਨੇ ਇਸ ਹੱਦ ਤੱਕ ਵਿਕਸਿਤ ਕਰ ਲਿਆ ਹੈ ਕਿ ਮਸ਼ੀਨਾਂ ਹੁਣ ਮਨੁੱਖੀ ਦਿਮਾਗ਼ ਦੀ 'ਮਕੈਨੀਕਲੀ' ਨਕਲ ਨਹੀਂ ਕਰਦੀਆਂ, ਸਗੋਂ ਮਨੁੱਖੀ ਦਿਮਾਗ਼ ਦੇ ਕੰਮ ਕਰਨ ਦੇ ਪੈਟਰਨ ਨੂੰ ਜਜ਼ਬ ਕਰਨ ਲੱਗ ਪਈਆਂ ਹਨ ਅਤੇ ਕਈ ਮਾਮਲਿਆਂ ਵਿੱਚ ਮਨੁੱਖੀ ਦਿਮਾਗ਼ ਨਾਲੋਂ ਬਿਹਤਰ ਕੰਮ ਕਰਨ ਵਿੱਚ ਲੱਗੀਆਂ ਹੋਈਆਂ ਹਨ। ਇਸ ਤਕਨੀਕ ਨੂੰ ਮਸ਼ੀਨਾਂ ਦੀ ਸਵੈ-ਸਿੱਖਣ ਪ੍ਰਕਿਰਿਆ ਵਜੋਂ ਲਿਆ ਜਾਂਦਾ ਹੈ, ਜਿਸ ਲਈ ਸ਼ਬਦ 'ਆਰਟੀਫੀਸ਼ੀਅਲ ਇੰਟੈਲੀਜੈਂਸ' ਯਾਨੀ 'ਨਕਲੀ ਸਿਆਣਪ' ਦਾ ਨਾਮ ਦਿੱਤਾ ਗਿਆ ਹੈ। "ਆਰਟੀਫੀਸ਼ਲ ਇੰਟੈਲੀਜੈਂਸ' (ਮਸਨੂਈ ਸਿਆਣਪ) ਸ਼ਬਦ ਹੁਣੇ ਜਿਹੇ ਚਰਚਿਤ ਹੋਇਆ। ਇਸ ਪਿੱਛੇ ਇਹ ਸੰਕਲਪ ਪਿਆ ਸੀ ਕਿ ਕੁਦਰਤੀ ਤੌਰ 'ਤੇ ਬੁੱਧੀ 'ਤੇ ਮਨੁੱਖ ਦਾ ਏਕਾਧਿਕਾਰ ਹੈ ਕਿਉਂਕਿ ਸਦੀਆਂ ਤੋਂ ਉਹਨੇ ਇਸ ਰਾਹੀਂ ਧਰਤੀ ਦੇ ਜੀਵਾਂ ਨੂੰ ਕੰਟਰੋਲ ਕੀਤਾ ਹੈ। ਮਸ਼ੀਨਾਂ ਮਨੁੱਖ ਨੇ ਬਣਾਈਆਂ ਹਨ, ਇਸ ਲਈ ਇਹ ਉਸ ਤੋਂ ਉਪਰ ਨਹੀਂ ਹੋ ਸਕਦੀਆਂ। ਇਨ੍ਹਾਂ ਵਿਚਲੀ ਸਮਝ ਬਣਾਉਟੀ ਤਰਜ਼ ਦੀ ਹੋਵੇਗੀ। ਪਰ ਮਸ਼ੀਨਾਂ ਜਿਸ ਤੇਜ਼ੀ ਨਾਲ ਸਿੱਖ ਰਹੀਆਂ ਅਤੇ ਸਿੱਖੀਆਂ ਚੀਜ਼ਾਂ ਨੂੰ ਵਿਕਸਤ ਕਰ ਰਹੀਆਂ ਹਨ, ਉਨ੍ਹਾਂ ਸਾਹਮਣੇ ਮਨੁੱਖ ਦੀ ਹੋਂਦ ਤੇ ਦਾਅਵੇਦਾਰੀ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਜਾਪਦਾ ਹੈ। ਮਸ਼ੀਨਾਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਯੋਗਤਾ ਨੂੰ ਘੱਟ ਸਮਝਣਾ ਮਨੁੱਖ ਲਈ ਘਾਟੇਵੰਦਾ ਸੌਦਾ ਹੀ ਨਹੀਂ ਸਗੋਂ ਹਾਨੀਕਾਰਕ ਵੀ ਹੋਵੇਗਾ। ਜਿਹੜੀਆਂ ਆਗਿਆਕਾਰੀ ਮਸ਼ੀਨਾਂ ਨੇ ਮਨੁੱਖ ਨੂੰ ਪੁਲਾੜ ਤੇ ਮੰਗਲ ਗ੍ਰਹਿ ਬਾਰੇ ਜਾਣਕਾਰੀ ਲਿਆ ਕੇ ਦਿੱਤੀ, ਹੁਣ ਉਹ ਆਪਣੇ ਆਪ ਵਿਚ ਮਰਜ਼ੀ ਦੀ ਸਮਰੱਥਾ ਪੈਦਾ ਕਰਨ ਦੇ ਕਾਬਿਲ ਹੋ ਰਹੀਆਂ ਹਨ। ਇਸ ਕਰਕੇ ਉਨ੍ਹਾਂ ਲਈ ਆਰਟੀਫੀਸ਼ਲ (ਮਸਨੂਈ) ਸ਼ਬਦ ਬੇਮਾਅਨੇ ਹੋ ਗਿਆ ਹੈ।"[3]

ਮਨੁੱਖ ਨੇ ਹੁਣ ਤੱਕ ਜੋ ਕੁਝ ਵੀ ਹਾਸਲ ਕੀਤਾ ਮਾਨਵੀ-ਬੁੱਧੀ ਅਤੇ ਮਾਨਵੀ-ਹੁਨਰ ਦੇ ਆਸਰੇ ਕੀਤਾ ਹੈ, ਜੋ ਕਿ ਇੱਕ ਕੁਦਰਤੀ ਸੌਗਾਤ ਹੈ। ਜਦੋਂ ਇਸ ਬੁੱਧੀ ਦੀ ਵਰਤੋਂ ਮਨੁੱਖ ਨੇ ਮਸ਼ੀਨਾਂ ਨੂੰ ਸਿਖਾਉਣ ਅਤੇ ਬੁੱਧੀਮਾਨ ਬਣਾਉਣ ਲਈ ਕੀਤੀ ਤਾਂ ਉਸ ਨੂੰ 'ਆਰਟੀਫੀਸ਼ੀਅਲ ਇੰਟੈਲੀਜੈਂਸ' ਦਾ ਨਾਮ ਦਿੱਤਾ। ਪਰ ਅੱਜ ਮਨੁੱਖ ਦੁਆਰਾ ਸਿੱਖੀਆਂ ਮਸ਼ੀਨਾਂ ਜਿਸ ਰਫ਼ਤਾਰ ਨਾਲ ਖੁਦ ਨੂੰ ਅਪਡੇਟ ਕਰ ਰਹੀਆਂ ਹਨ, ਸੋਧ ਰਹੀਆਂ ਹਨ ਅਤੇ ਖੁਦ ਨੂੰ ਤੇਜ਼ੀ ਨਾਲ ਵਿਕਸਤ ਕਰ ਰਹੀਆਂ ਹਨ, ਉਸ ਨੂੰ ਦੇਖ ਕੇ ਮਨੁੱਖ ਵੀ ਹੈਰਾਨ ਹੈ। ਅੱਜ ਦੀ ਸਥਿਤੀ ਇਹ ਹੈ ਕਿ ਮਾਨਵੀ-ਬੁੱਧੀ ਨਾਲੋਂ ਮਾਨਵ ਸਿਰਜਤ ਬੁੱਧੀ ਵਧੇਰੇ ਵਿਕਸਤ ਹੋ ਰਹੀ ਹੈ ਅਤੇ ਮਸ਼ੀਨਾਂ ਦੀ 'ਆਰਟੀਫੀਸ਼ੀਅਲ ਇੰਟੈਲੀਜੈਂਸ' ਨੇ ਇਹ ਸਾਬਤ ਕਰ ਦਿੱਤਾ ਹੈ ਕਿ ਮਸ਼ੀਨੀ ਬੁੱਧੀ ਨੂੰ ਨਕਲੀ ਕਹਿ ਕੇ ਛਟਿਆਉਣ ਨਾਲੋਂ ਇਸ ਦੀ ਸਿੱਖਣ ਦੀ ਸਮਰੱਥਾ ਨੂੰ ਵਡਿਆਉਣਾ ਚਾਹੀਦਾ ਹੈ। ਮਨੁੱਖਾਂ ਨੇ ਸਾਡੇ ਗ੍ਰਹਿ ਦੇ ਹਰ ਕੋਨੇ ਨੂੰ ਆਕਾਰ ਦਿੱਤਾ ਹੈ, ਇਹ ਮੋਟੇ ਤੌਰ 'ਤੇ ਮਨੁੱਖਾਂ ਦੀ ਅਕਲ ਕਾਰਨ ਹੀ ਸੰਭਵ ਹੋਇਆ ਹੈ। ਪਰ ਜਿਸ ਤਰ੍ਹਾਂ ਇਹ ਪ੍ਰਣਾਲੀਆਂ ਵਧੇਰੇ ਉੱਨਤ ਹੁੰਦੀਆਂ ਜਾ ਰਹੀਆਂ ਹਨ, ਆਉਣ ਵਾਲੇ ਭਵਿੱਖ ਵਿੱਚ ਇਹ ਸੰਭਾਵਨਾ ਜਤਾਈ ਜਾ ਰਹੀ ਹੈ ਕਿ ਮਸ਼ੀਨਾਂ ਧਰਤੀ ਦੇ ਸਭ ਤੋਂ ਵੱਧ ਬੁੱਧੀਮਾਨ ਪ੍ਰਾਣੀ ਮਨੁੱਖ ਨੂੰ ਵਿਸਥਾਪਿਤ ਕਰ ਸਕਦੀਆਂ ਹਨ। ਇਹ ਸਾਰੀ ਪ੍ਰਕਿਰਿਆ ਕਦੋਂ ਅਤੇ ਕਿਵੇਂ ਵਾਪਰੇਗੀ ਇਸ ਦਾ ਜੁਆਬ ਤਾਂ ਵਕਤ ਹੀ ਦੇਵੇਗਾ ਪਰ ਇਸ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅੱਜ ਇਹ ਬਹੁਤ ਵੱਡੀ ਬਹਿਸ ਦਾ ਮੁੱਦਾ ਬਣ ਚੁੱਕਾ ਹੈ। ਅਨੁਮਾਨ ਹੈ ਕਿ 'ਆਰਟੀਫੀਸ਼ੀਅਲ ਇੰਟੈਲੀਜੈਂਸ' ਬਾਰੇ ਜੋ ਵੀ ਕਿਆਸ ਲਗਾਏ ਜਾ ਰਹੇ ਹਨ ਇਸ ਸਦੀ ਦੌਰਾਨ ਉਹ ਸੱਚ ਹੋ ਜਾਣਗੇ।

'ਆਰਟੀਫੀਸ਼ੀਅਲ ਇੰਟੈਲੀਜੈਂਸ' ਨੂੰ ਮਾਨਵ ਹੋਂਦ ਲਈ ਬਹੁਤ ਵੱਡਾ ਖ਼ਤਰਾ ਮੰਨਿਆ ਜਾ ਰਹਿਆ ਹੈ। ਉਮੀਦ ਹੈ ਕਿ ਅਗਲੇ ਕੁਝ ਦਹਾਕਿਆਂ ਵਿੱਚ 'ਆਰਟੀਫੀਸ਼ੀਅਲ ਇੰਟੈਲੀਜੈਂਸ' ਵਿੱਚ ਕਾਫ਼ੀ ਤਰੱਕੀ ਹੋਵੇਗੀ, ਸੰਭਾਵਤ ਤੌਰ 'ਤੇ ਇੱਥੋਂ ਤੱਕ ਕਿ ਮਸ਼ੀਨਾਂ ਮਨੁੱਖਾਂ ਨੂੰ ਬਹੁਤ ਸਾਰੇ ਕੰਮਾਂ ਵਿੱਚ ਪਛਾੜ ਦੇਣ ਗਈਆਂ। 'ਆਰਟੀਫੀਸ਼ੀਅਲ ਇੰਟੈਲੀਜੈਂਸ' ਪ੍ਰਣਾਲੀ ਸਾਰੇ ਬੋਧਾਤਮਕ ਕੰਮਾਂ ਵਿੱਚ ਮਨੁੱਖਾਂ ਨਾਲੋਂ ਬਿਹਤਰ ਬਣ ਸਕਦੀ ਹੈ ਕਿਉਂਕਿ 'ਆਰਟੀਫੀਸ਼ੀਅਲ ਇੰਟੈਲੀਜੈਂਸ' ਕੋਲ ਕਿਸੇ ਵੀ ਮਨੁੱਖ ਨਾਲੋਂ ਵਧੇਰੇ ਬੁੱਧੀਮਾਨ ਬਣਨ ਦੀ ਸਮਰੱਥਾ ਹੈ। ਪਰ ਇਸ ਸਮੱਰਥਾ ਦਾ ਅੰਦਾਜ਼ਾ ਲਗਾਉਣਾ ਜਾ ਸਾਡੇ ਕੋਲ ਕੋਈ ਪੱਕਾ ਆਧਾਰ ਨਹੀਂ ਹੈ ਕਿ ਇਹ ਕਿਵੇਂ ਵਿਵਹਾਰ ਕਰੇਗੀ। ਮਨੁੱਖ ਆਪਣੇ ਬਣਾਏ ਪੁਰਾਣੇ ਢੰਗ ਤਰੀਕਿਆਂ ਜਾਂ ਤਕਨੀਕੀ ਵਿਕਾਸ ਨੂੰ ਆਧਾਰ ਵਜੋਂ ਨਹੀਂ ਵਰਤ ਸਕਦੇ ਕਿਉਂਕਿ ਮਨੁੱਖ ਵਲੋਂ ਅੱਜ ਤੱਕ ਕਦੇ ਵੀ ਅਜਿਹੀ ਕੋਈ ਚੀਜ਼ ਨਹੀਂ ਬਣਾਈ ਗਈ ਜਿਸ ਵਿੱਚ ਜਾਣ-ਬੁੱਝ ਕੇ ਜਾਂ ਅਣਜਾਣੇ ਵਿੱਚ ਮਾਨਵ ਨੂੰ ਹੀ ਪਛਾੜਨ ਦੀ ਸਮਰੱਥਾ ਹੋਵੇ। ਮਨੁੱਖ ਗ੍ਰਹਿ ਨੂੰ ਨਿਯੰਤਰਿਤ ਕਰਨ ਦੇ ਸਮਰੱਥ ਆਪਣੀ ਕਾਬਲੀਅਤ, ਹੁਸ਼ਿਆਰੀ ਅਤੇ ਬੁੱਧੀ ਦੇ ਆਸਰੇ ਹੋਇਆ, ਪਰ ਜੇਕਰ ਆਉਣ ਵਾਲੇ ਸਮੇਂ ਵਿੱਚ 'ਆਰਟੀਫੀਸ਼ੀਅਲ ਇੰਟੈਲੀਜੈਂਸ' ਮਨੁੱਖ ਨਾਲੋਂ ਜ਼ਿਆਦਾ ਬੁੱਧੀਮਾਨ ਸਾਬਤ ਹੋਈ ਜਿਸ ਦੀ ਕਿ ਸੰਭਾਵਨਾ ਜਤਾਈ ਜਾ ਰਹੀ ਤਾਂ ਅਜਿਹੇ ਵਿੱਚ ਕੀ ਸਭ ਕੁਝ ਮਨੁੱਖ ਦੇ ਕੰਟਰੋਲ ਵਿੱਚ ਰਹਿਣ ਦਾ ਭਰੋਸਾ ਜਤਾਇਆ ਜਾ ਸਕਦਾ ਹੈ?

## ਹਵਾਲੇ ਅਤੇ ਟਿੱਪਣੀਆਂ

1. ਡਾ. ਰਵਿੰਦਰ ਸਿੰਘ, **ਪੰਜਾਬੀ ਕਹਾਣੀ ਮਾਨਵਵਾਦੀ ਪਰਿਪੇਖ**, ਪੰਨਾ-20.
2. https://www.un.org/sustainabledevelopment/blog/2019/05/nature-decline-unprecedented-report/
3. https://www.punjabitribuneonline.com/news/features/covid-and-post-human-conditions-154446/